## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ,
## ਈ-ਬਲਾਕ, ਚੌਥੀ ਮੰਜਿਲ, ਫੇਜ਼-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ

ਮੀਮੋ ਨੰ :- 15/34-16 ਈ.ਐਚ.ਆਰ.ਐਮ.ਐਸ.(1)/10
ਮਿਤੀ : ਚੰਡੀਗੜ੍ਹ 19 ਮਈ, 2017

ਵਿਸ਼ਾ : **ਪੰਜਾਬ ਸਰਕਾਰ ਵਿੱਤ ਵਿਭਾਗ ਦੇ eHRMS ਪੋਰਟਲ ਉੱਤੇ ਸਿੱਖਿਆ ਵਿਭਾਗ ਦੇ ਅਮਲੇ ਦਾ ਸਰਵਿਸ ਰਿਕਾਰਡ ਅਪਲੋਡ ਨਾ ਹੋਣ ਸਬੰਧੀ।**

**eHRMS** (Human Resource Management System) ਵਿੱਤ ਵਿਭਾਗ, ਪੰਜਾਬ ਸਰਕਾਰ ਵਲੋਂ ਸਮੂਹ ਵਿਭਾਗਾਂ ਵਿਚ ਲਾਗੂ ਕੀਤਾ ਗਿਆ ਹੈ ਅਤੇ ਇਸ ਸਿਸਟਮ ਦੀ ਟ੍ਰੇਨਿੰਗ ਕਈ ਵਾਰ ਜਿਲ੍ਹਾ, ਬਲਾਕ ਅਤੇ ਸਕੂਲ ਪੱਧਰ ਦੇ ਡੀ.ਡੀ.ਓਜ. ਨੂੰ ਪਹਿਲਾਂ ਵੀ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਸਮੂਹ ਦਫਤਰਾਂ ਅਤੇ ਸਕੂਲਾਂ ਦੇ ਡੀ.ਡੀ.ਓਜ. ਨੂੰ ਲਾਗਇੰਨ ਅਤੇ ਪਾਸਵਰਡ ਆਦਿ ਵੀ ਐਨ.ਆਈ.ਸੀ. ਵਲੋਂ ਮੁਹਈਆ ਕਰਵਾਏ ਗਏ ਹਨ।

ਵਿੱਤ ਵਿਭਾਗ ਵਲੋ ਸਿੱਖਿਆ ਵਿਭਾਗ ਦੀ ਰੀਵਿਊ ਮੀਟਿੰਗ ਲਈ ਗਈ ਅਤੇ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਅਜੇ ਤੱਕ ਵੀ ਸਿੱਖਿਆ ਵਿਭਾਗ ਦੇ ਬਹੁਤ ਸਾਰੇ ਅਮਲੇ ਦਾ ਸਰਵਿਸ ਰਿਕਾਰਡ ਪੋਰਟਲ ਉੱਤੇ ਡੀ.ਡੀ.ਓਜ. ਵਲੋਂ ਵੈਰੀਫਾਈ ਨਹੀਂ ਕੀਤਾ ਗਿਆ ਹੈ। ਵਿੱਤ ਵਿਭਾਗ ਵਲੋਂ ਇਹ ਹਦਾਇਤਾਂ ਸਮੂਹ ਵਿਭਾਗਾਂ ਨੂੰ ਦਿੱਤੀਆਂ ਗਈਆਂ ਹਨ ਕਿ **ਜਿਸ ਅਧਿਕਾਰੀ/ਕਰਮਚਾਰੀ ਦਾ ਰਿਕਾਰਡ ਪੋਰਟਲ ਉੱਤੇ ਅਪਲੋਡ ਨਹੀਂ ਹੋਵੇਗਾ ਅਤੇ ਸਬੰਧਤ ਡੀ.ਡੀ.ਓਜ. ਵਲੋਂ ਵੈਰੀਫਾਈ ਨਹੀਂ ਕੀਤਾ ਗਿਆ ਹੋਵੇਗਾ, ਉਸ ਅਧਿਕਾਰੀ / ਕਰਮਚਾਰੀ ਦੀ ਜੂਨ ਮਹੀਨੇ ਦੀ ਤਨਖ੍ਹਾਹ ਵਿੱਤ ਵਿਭਾਗ ਵਲੋਂ ਜਾਰੀ ਨਹੀਂ ਕੀਤੀ ਜਾਵੇਗੀ।**

ਉਪਰੋਕਤ ਨੂੰ ਧਿਆਨ ਵਿਚ ਰੱਖ ਕੇ ਸਮੂਹ ਮੰਡਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.) ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਇੱਕ ਮੋਨੀਟਰਿੰਗ ਟੀਮ ਦਾ ਗਠਨ ਕਰਨ ਜੋ ਰੋਜਾਨਾ ਮੋਨੀਟਰਿੰਗ ਕਰਕੇ **ਸਮੂਹ ਅਮਲੇ ਦੇ ਸਰਵਿਸ ਰਿਕਾਰਡ ਨੂੰ ਮਿਤੀ 28-05-2017 ਤੱਕ ਹਰ ਹਾਲਤ ਵਿਚ ਪੋਰਟਲ ਉੱਤੇ ਅਪਡੇਟ ਕਰਵਾਉਣ** ਅਤੇ ਇਹ ਵੀ ਯਕੀਨੀ ਬਣਾਉਣ ਕਿ ਹਰ ਸਰਵਿਸ ਰਿਕਾਰਡ ਡੀ.ਡੀ.ਓਜ. ਵਲੋਂ ਵੈਰੀਫਾਈ ਵੀ ਕੀਤਾ ਜਾ ਰਿਹਾ ਹੋਵੇ। ਡਿਫਾਲਟਰ ਦਫਤਰ ਅਤੇ ਸਕੂਲਾਂ ਦੀ ਸੂਚੀ ਪਹਿਲਾਂ ਹੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਨੋਟਿਸ ਬੋਰਡ ਨਾਲ ਐਮ.ਆਈ.ਐਸ. ਸ਼ਾਖਾ ਵਲੋਂ ਭੇਜੀ ਜਾ ਚੁੱਕੀ ਹੈ। ਡਿਫਾਲਟਰ ਸਕੂਲਾਂ/ਬੀ.ਪੀ.ਓਜ. ਵਿਰੁਧ ਬਣਦੀ ਕਾਰਵਾਈ ਤੁਰੰਤ ਆਰੰਭੀ ਜਾਵੇ ਅਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਜਿਲ੍ਹਾ ਸਿੱਖਿਆ ਅਫਸਰਾਂ ਵਲੋਂ ਮੁੱਖ ਦਫਤਰ ਨੂੰ ਈ-ਮੇਲ (ਸੈਕੰਡਰੀ ਲਈ dpise_punjab@yahoo.co.in ਅਤੇ ਐਲੀਮੈਂਟਰੀ ਲਈ dpieepunjab2015@gmail.com ) ਰਾਹੀਂ ਪੁੱਜਦੀ ਕੀਤੀ ਜਾਵੇ ਤਾਂ ਜੋ ਸਰਕਾਰ ਨੂੰ ਇਨ੍ਹਾਂ ਵਿਰੁੱਧ ਅਗਲੀ ਯੋਗ ਕਾਰਵਾਈ ਲਈ ਲਿਖਿਆ ਜਾ ਸਕੇ।

ਡੀ.ਪੀ.ਆਈ. (ਸੈ.ਸਿ.), ਪੰਜਾਬ

ਪਿੱਠ ਅੰਕਣ ਨੰ : ਮਿਤੀ :

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਪੀ.ਏ., ਮਾਨਯੋਗ ਵਧੀਕ ਸਕੱਤਰ ਸਕੂਲ ਸਿੱਖਿਆ ,ਪੰਜਾਬ
2) ਡੀ.ਪੀ.ਆਈ. (ਐ.ਸਿ.), ਪੰਜਾਬ ਨੂੰ ਆਪਣੇ ਅਧੀਨ ਆਉਂਦੇ ਦਫਤਰਾਂ ਅਤੇ ਸਕੂਲਾਂ ਨੂੰ ਹਦਾਇਤਾਂ ਜਾਰੀ ਕਰਨ ਅਤੇ ਮੁੱਖ ਦਫਤਰ ਵਿੱਖੇ ਇੱਕ ਨੋਡਲ ਅਧਿਕਾਰੀ ਇਸ ਕੰਮ ਲਈ ਲਗਾਉਣ ਹਿੱਤ।
3) ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ ਨੂੰ ਆਪਣੇ ਅਧੀਨ ਆਉਂਦੇ ਅਦਾਰਿਆਂ ਨੂੰ ਹਦਾਇਤਾਂ ਜਾਰੀ ਕਰਨ ਅਤੇ ਮੁੱਖ ਦਫਤਰ ਵਿੱਖੇ ਇੱਕ ਨੋਡਲ ਅਧਿਕਾਰੀ ਇਸ ਕੰਮ ਲਈ ਲਗਾਉਣ ਹਿੱਤ।

ਡੀ.ਪੀ.ਆਈ. (ਸੈ.ਸਿ.), ਪੰਜਾਬ